# êÜÅìÆ çðôé: çôÅ Áå Çÿçôå

## (ਪੰਜਾਬੀ ਸਭਿਆਚਾਰ, ਸਾਹਿਤ ਅਤੇ ਚਿੰਤਨ ਦੇ ਹਵਾਲੇ ਨਾਲ)

**ਹਰਿਭਜਨ ਸਿੰਘ ਭਾਟੀਆ**

ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਨਾਲ ਜੁੜੇ ਪ੍ਰਬੰਧਕਾਂ ਦੇ ਜ਼ਿਹਨ ਵਿਚ ਪੰਜਾਬੀ ਕੌਮ ਅਤੇ ਦਰਸ਼ਨ ਨਾਲ ਜੁੜੇ ਕੁਝ ਸੁਲਘਦੇ ਮਸਲੇ ਹਨ। ਇਹ ਮਸਲੇ ਨਿਰਸੰਦੇਹ ਇਕੀਵੀਂ ਸਦੀ ਵਿਚ ਕੌਮਾਂ ਦੀ ਉਸਾਰੀ, ਪੰਜਾਬੀ ਕੌਮ ਅਤੇ ਪੰਜਾਬੀ ਦਰਸ਼ਨ ਨਾਲ ਜੁੜੇ ਹੋਏ ਹਨ। ਅਜੋਕੇ ਸੰਸਾਰੀਕਰਨ ਦੇ ਮੁਖੌਟੇ, ਜਿਸ ਵਿਚ ਯੂਰਪ ਦੇ ਦੇਸਾਂ ਅਤੇ ਅਮਰੀਕਾ ਦੀਆਂ ਅੰਤਰਰਾਸ਼ਟਰੀ ਕੰਪਨੀਆਂ ਨੇ ਅੰਨ੍ਹੀ ਲੁੱਟ ਮਚਾਈ ਹੋਈ ਹੈ, ਇਹ ਮਸਲੇ ਅਤੇ ਮੁੱਦੇ ਹੋਰ ਵੀ ਮਹੱਤਵ ਗ੍ਰਹਿਣ ਕਰ ਗਏ ਹਨ। ਅਜੋਕੇ ਦੌਰ ਵਿਚ ਸੱਚਮੁੱਚ ਸੰਸਾਰੀਕਰਨ ਦਾ ਮਾਰੂ ਦੈਂਤ ਵੱਖ-ਵੱਖ ਕੌਮਾਂ ਦੀ ਹਸਤੀ ਨੂੰ ਮਿਟਾਉਣ ਵਿਚ ਤਾਂ ਲੱਗਿਆ ਹੀ ਹੋਇਆ ਹੈ, ਨਾਲ ਦੀ ਨਾਲ ਚਕਾਂਚੌਂਧ ਕਰਨ ਵਾਲੇ ਤਿਲੱਸਮ ਹੇਠ ਲਗਾਤਾਰ ਗਰੀਬੀ, ਬੇਰੋਜ਼ਗਾਰੀ, ਅਨਪੜ੍ਹਤਾ ਅਤੇ ਹੋਰ ਅਨੇਕ ਸਮੱਸਿਆਵਾਂ ਵੱਧ ਸੰਗੀਨ ਰੂਪ ਅਖਤਿਆਰ ਕਰ ਰਹੀਆਂ ਹਨ। ਇਹ ਮਸਲੇ ਸਾਂਝੀ ਵਿਰਾਸਤ ਅਤੇ ਪੰਜਾਬੀ ਵਿਰਸੇ ਦੀ ਅਮੀਰ ਪਰੰਪਰਾ ਨਾਲ ਜੁੜੀ ਪੰਜਾਬੀ ਕੌਮ ਦੇ ਵੀ ਹਨ, ਸਮੁੱਚੇ ਮੁਲਕ ਦੇ ਵੀ ਅਤੇ ਤੀਜੀ ਦੁਨੀਆਂ ਦੇ ਗਰੀਬ ਮੁਲਕਾਂ ਦੇ ਵੀ। ਇਹ ਮਸਲੇ ਵਿਕੋਲਿਤਰੇ ਰੂਪ ਵਿਚ ਵਿਚਾਰੇ ਜਾਣ ਦੇ ਨਾਲ-ਨਾਲ ਉਸ ਵਡੇਰੇ ਆਲਮੀ ਪੂੰਜੀਵਾਦ ਦੇ ਪ੍ਰਸੰਗ ਵਿਚ ਵੀ ਵਿਚਾਰੇ ਜਾਣ ਦੀ ਮੰਗ ਕਰਦੇ ਹਨ, ਜਿਸ ਵਿਚ ਸਾਮਰਾਜਵਾਦ ਦਾ ਪਸਾਰਾ ਵਧ ਰਿਹਾ ਹੈ ਅਤੇ ਵਧ ਰਹੀ ਲੁੱਟ ਸਦਕਾ ਅਮੀਰੀ ਤੇ ਗਰੀਬੀ ਵਿਚ ਨਿੱਤ ਦਿਨ ਫਾਸਲਾ ਵਧਦਾ ਜਾ ਰਿਹਾ ਹੈ। ਜੇਕਰ ਇਕ ਪਾਸੇ ਸਾਮਰਾਜਵਾਦ ਦੀਆਂ ਤਾਕਤਾਂ ਜਾਂ ਆਲਮੀ ਪੂੰਜੀਵਾਦ ਵੱਲੋਂ ਸੰਸਾਰੀਕਰਨ ਦੀ ਮਿੱਥ ਉਸਾਰੀ ਜਾ ਰਹੀ ਹੈ ਤਾਂ ਦੂਸਰੇ ਪਾਸੇ ਹਰ ਚੇਤੰਨ ਤੇ ਚਿੰਤਨਸ਼ੀਲ ਵਿਅਕਤੀ ਦਾ ਫ਼ਰਜ਼ ਹੈ ਕਿ ਇਸ ਸਰਮਾਏਦਾਰੀ ਵਿਚਾਰਧਾਰਾ, ਜੋ ਕਿ ਪੂੰਜੀਵਾਦ ਦੇ ਵਿਕਾਸ ਦੀ ਹੀ ਇਕ ਅਵਸਥਾ ਹੈ, ਦੀ ਅਸਲੀਅਤ ਨੂੰ ਸਮਝਿਆ ਅਤੇ ਨਸ਼ਰ ਕੀਤਾ ਜਾਵੇ। ਪ੍ਰੋ. ਰਣਧੀਰ ਸਿੰਘ ਦੀ ਆਪਣੇ ਮਜ਼ਮੂਨ "ਕਾਰਲ ਮਾਰਕਸ ਦੀ ਵਾਪਸੀ" ਵਿਚ ਧਾਰਨਾ ਹੈ ਕਿ 'ਪੂੰਜੀਵਾਦੀ ਢਾਂਚੇ ਦੀ ਲੁੱਟ' 'ਤੇ ਆਧਾਰਿਤ ਤਰਕ ਅੱਜ ਵੀ ਉਤਨਾ ਹੀ ਕਾਰਜਸ਼ੀਲ ਹੈ, ਜਿਤਨਾ ਮਾਰਕਸ ਦੇ ਸਮੇਂ ਭਾਵ ਉੱਨੀਵੀਂ ਸਦੀ ਵਿਚ ਸੀ ਜਦੋਂ ਮਾਰਕਸ ਨੇ ਇਸ ਦਾ ਵਿਸ਼ਲੇਸ਼ਣ ਕੀਤਾ ਸੀ। ਅਸਲ ਵਿਚ ਅਜੋਕੇ ਸੰਸਾਰੀਕਰਨ ਦੇ ਦੌਰ ਵਿਚ ਜਦੋਂ ਸਾਰੀ ਦੁਨੀਆਂ ਪੂੰਜੀਵਾਦ ਦੀ ਵਧ ਜਕੜ ਵਿਚ ਆ ਚੁੱਕੀ ਹੈ ਤਾਂ ਇਸ ਸਮੇਂ ਇਹ ਤਰਕ ਵਧੇਰੇ ਕਾਰਜਸ਼ੀਲ ਹੈ। ਇਹ ਉਹ ਸੱਚਾਈ ਹੈ ਜਿਸ ਨੂੰ ਸਰਮਾਏਦਾਰੀ ਵਿਚਾਰਧਾਰਾ ਹੋਰ ਵੀ ਧੁੰਦਲਾ ਰਹੀ ਹੈ। ਸੰਸਾਰੀਕਰਨ ਦੇ ਸਬਜ਼ਬਾਗ ਦਿਖਾ ਕੇ ਇਸ ਦੀ ਸੱਚਾਈ ਨੂੰ ਧੁੰਦਲਾ ਬਣਾ ਰਹੀ ਹੈ।" ਮਸਲੇ ਦੀ ਸਹੀ ਸਮਝ ਅਤੇ ਠੀਕ ਦਿਸ਼ਾ ਵਿਚ ਅਗਾਂਹ ਸਰਕਣ ਲਈ ਪਹਿਲੀ ਜ਼ਰੂਰਤ "ਕੌਮ" ਅਤੇ "ਦਰਸ਼ਨ" ਵਰਗੇ ਸੰਕਲਪਾਂ ਦੇ ਅਰਥ-ਘੇਰਿਆਂ ਨੂੰ ਸਪੱਸ਼ਟ ਕਰਨ ਦੀ ਹੈ।

Oxford Advance Learners Dictionary ਵਿਚ ਕੌਮ, ਕੌਮੀ ਜਾਂ nation ਤੋਂ ਭਾਵ ਹੈ:

1. A country considered as a group of people with the same language, culture and history, who live in a particular area under one government : an independent nation.

2. all the people in a country: the entire nation

ਕਿਸੇ ਵਿਸ਼ੇਸ਼ ਮੁਲਕ ਦੇ ਲੋਕਾਂ, ਲੋਕਾਂ ਦੇ ਉਸ ਸਮੂਹ, ਜਿਸ ਦਾ ਸਾਂਝਾ ਸਭਿਆਚਾਰ ਹੋਵੇ, ਨੂੰ ਵੀ ਕੌਮ ਦਾ ਨਾਂ ਦੇ ਦਿੱਤਾ ਜਾਂਦਾ ਹੈ। ਸਾਂਝਾ ਇਲਾਕਾ, ਸਾਂਝੀਆਂ ਪਦਾਰਥਕ ਹਾਲਤਾਂ, ਸਾਂਝੀ ਭਾਸ਼ਾ ਅਤੇ ਸਾਂਝਾ ਸਭਿਆਚਾਰ ਜਾਂ ਸਾਂਝੀ ਮਨੋਬਣਤਰ ਅਸਲ ਵਿਚ ਉਹ ਬੁਨਿਆਦੀ ਸੂਤਰ ਹਨ, ਜਿਹੜੇ ਕੌਮ ਦੇ ਸੰਕਲਪ ਦੀ ਉਸਾਰੀ ਕਰਦੇ ਹਨ।

ਦਰਸ਼ਨ ਅੰਗਰੇਜ਼ੀ ਪਦ ਫਿਲਾਸਫੀ ਦਾ ਸਮਾਨਾਰਥੀ ਹੈ ਅਤੇ ਇਸ ਲਈ ਫਲਸਫਾ, ਫਿਲਾਸਫ਼ੀ ਆਦਿ ਲਫ਼ਜ਼ ਤਾਂ ਪ੍ਰਚਲਿਤ ਹਨ ਹੀ ਨਾਲ ਹੀ ਨਾਲ ਇਸ ਨੂੰ ਤੱਤ ਗਿਆਨ : ਵਿਦਿਆ, ਸ਼ਾਸ਼ਤਰ, ਦਾਰਸ਼ਨਿਕ ਸਿਧਾਂਤ, ਦਾਰਸ਼ਨਿਕ ਪ੍ਰਣਾਲੀ, ਜੀਵਨ ਦਰਸ਼ਨ ਅਤੇ ਸੁਚੱਜਾ ਜੀਵਨ ਬਤੀਤ ਕਰਨ ਸੰਬੰਧੀ ਸਿਧਾਂਤ ਆਦਿ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਸੱਚ ਅਤੇ ਸਿਆਣਪ ਦਾ ਅਧਿਐਨ ਕਰਨ ਵਾਲੇ ਗਿਆਨ ਨੂੰ ਵੀ ਦਰਸ਼ਨ ਦਾ ਨਾਂ ਦਿੱਤਾ ਜਾਂਦਾ ਹੈ। Philosophy ਸ਼ਬਦ ਪ੍ਰਾਚੀਨ ਗਰੀਕ ਦੇ ਸ਼ਬਦ Philosophia ਵਿਚੋਂ ਨਿਕਲਿਆ ਹੈ ਜਿਸ ਦਾ ਅਰਥ ਸਿਆਣਪ ਜਾਂ ਵਿਵੇਕ ਨਾਲ ਪਿਆਰ ਹੈ। ਅੱਗੋਂ Philosophia ਵਿਚ ਦੋ ਸ਼ਬਦਾਂ philos : friend, or lover ਅਤੇ Sophia : Wisdom ਦਾ ਮੇਲ ਸ਼ਾਮਲ ਹੈ। ਫ਼ਿਲਾਸਫੀ ਆਪਣੇ ਮੁੱਢ ਅਤੇ ਇਤਿਹਾਸ ਦੌਰਾਨ ਆਪਣਾ ਸਰੋਕਾਰ ਚੰਗੀ ਜੀਵਨ ਜਾਂਚ, ਵਸਤਾਂ ਦੀ ਅਸਲੀਅਤ ਤੇ ਸੁਭਾਅ ਦੀ ਠੀਕ ਪਛਾਣ, ਪ੍ਰਮਾਣਕ ਗਿਆਨ ਦੇ ਸੁਭਾਅ ਦੀ ਪਛਾਣ ਅਤੇ ਤਰਕ ਦੇ ਠੀਕ ਨੇਮਾਂ ਦੀ ਪਛਾਣ ਨਾਲ ਵੀ ਜੋੜਦੀ ਰਹੀ ਹੈ। ਇਸ ਵਿਚ ਸੰਦੇਹ ਨਹੀਂ ਕਿ ਦਰਸ਼ਨ ਦੀਆਂ ਵਧੇਰੇ ਪਰਿਭਾਸ਼ਾਵਾਂ ਵਿਵਾਦੀ ਪ੍ਰਕਿਰਤੀ ਦੀਆਂ ਧਾਰਣੀ ਹਨ। ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਦਾਰਸ਼ਨਿਕਾਂ ਵਾਂਗ ਦਰਸ਼ਨ ਦੀਆਂ ਪਰਿਭਾਸ਼ਾਵਾਂ ਦੀ ਭਿੰਨ-ਭਿੰਨ ਹਨ। ਸਭ ਤੋਂ ਸੰਖੇਪ ਪਰਿਭਾਸ਼ਾ ਮੁਤਾਬਕ ਇਸ ਨੂੰ “ਚਿੰਤਨ ਸੰਬੰਧੀ ਚਿੰਤਨ” ਦਾ ਨਾਮ ਵੀ ਦਿੱਤਾ ਜਾਂਦਾ ਹੈ।

ਮਾਰਕਸ ਨੇ ਸੰਸਾਰ ਨੂੰ ਬਦਲਣ ਦੇ ਕੋਣ ਤੋਂ ਕੀਤੀ ਗਈ ਵਿਆਖਿਆ ਨੂੰ ਦਰਸ਼ਨ ਦਾ ਨਾਂ ਦੇ ਕੇ ਇਸ ਦੀ ਪਰਿਭਾਸ਼ਾ ਨੂੰਇਨਕਲਾਬੀ ਦਿਸ਼ਾ ਵੱਲ ਮੋੜ ਦਿੱਤਾ। ਉਸ ਨੇ ਪਦਾਰਥ ਅਤੇ ਚੇਤਨਾ ਵਿਚਕਾਰਲੇ ਰਿਸ਼ਤੇ ਦੇ ਪ੍ਰਸ਼ਨ ਨੂੰ ਦਰਸ਼ਨ ਸਾਸ਼ਤਰ ਦੇ ਬੁਨਿਆਦੀ ਸਵਾਲ ਦਾ ਨਾਂ ਦਿੱਤਾ। ਇਸ ਬਿੰਦੂ ਤੱਕ ਅੱਪੜ ਕੇ ਕੁਝ ਸਵਾਲਾਂ ਦਾ ਪੈਦਾ ਹੋਣਾ ਸੁਭਾਵਿਕ ਹੈ : ਪੰਜਾਬੀ ਕੌਮ ਦਾ ਦਰਸ਼ਨ ਹੋਂਦ ਦੇ ਆਮ ਨੇਮਾਂ, ਮਨੁੱਖੀ ਚਿੰਤਨ ਅਤੇ ਗਿਆਨ ਦੇ ਅਮਲ ਬਾਰੇ ਕਿਸ ਤਰ੍ਹਾਂ ਦੇ ਵਿਚਾਰ ਰੱਖਦਾ ਹੈ? ਇਹ ਹੋਂਦ ਨਾਲ ਸੋਚ ਦੇ, ਪਦਾਰਥ ਨਾਲ ਚੇਤਨਾ ਦੇ ਸੰਬੰਧ ਦੇ ਸਵਾਲਾਂ ਨੂੰ ਕਿਵੇਂ ਨਜਿੱਠਦਾ ਹੈ? ਇਸ ਦਾ ਸੰਸਾਰ ਨਜ਼ਰੀਆ ਪਦਾਰਥਵਾਦੀ ਰਿਹਾ ਹੈ ਜਾਂ ਵਿਚਾਰਵਾਦੀ? ਇਸ ਵੱਲੋਂ ਪੇਸ਼ ਯਥਾਰਥ ਦਾ ਸਮੁੱਚਾ ਦ੍ਰਿਸ਼ ਕਿੱਥੋਂ ਤੱਕ ਵਿਧੀਪੂਰਵਕ ਅਤੇ ਵਿਚਾਰਸ਼ੀਲ ਹੈ? ਇਸਨੇ ਯਥਾਰਥ ਦੀ ਅਸਲ ਅਤੇ ਬੁਨਿਆਦੀ ਪ੍ਰਕਿਰਤੀ ਨੂੰ ਕਿੰਜ ਪਰਿਭਾਸ਼ਤ ਕੀਤਾ ਹੈ? ਇਸ ਨੇ ਗਿਆਨ ਦੀ ਕੀਮਤ, ਸੀਮਾਵਾਂ, ਸਰੋਤ, ਪ੍ਰਕਿਰਤੀ ਅਤੇ ਪ੍ਰਮਾਣਿਕਤਾ ਦੇ ਸਵਾਲਾਂ ਨਾਲ ਕਿੰਜ ਨਜਿੱਠਿਆ ਹੈ? ਅਤੇ ਸੰਸਾਰ ਪੱਧਰ ਉੱਪਰ ਪੈਦਾ ਹੋਏ ਚਿੰਤਨ ਜਾਂ ਗਿਆਨ ਦੇ ਵੱਖ-ਵੱਖ ਖੇਤਰਾਂ ਸੰਬੰਧੀ ਪੈਦਾ ਹੋਈ ਸਮਝ ਦੇ ਬਾਰੇ ਕਿਸ ਪ੍ਰਕਾਰ ਦਾ ਚਿੰਤਨ ਸਿਰਜਿਆ ਹੈ?

ਪੰਜਾਬੀ ਕੌਮ ਦੇ ਦਰਸ਼ਨ ਦੀ ਗੱਲ ਇਸ ਦੀ ਵਰਤਮਾਨ ਸਥਿਤੀ ਤੋਂ ਹੀ ਆਰੰਭ ਕਰਨੀ ਉਚਿਤ ਹੈ। ਇਸ ਸਥਿਤੀ ਨੂੰ ਅਤੀਤ ਅਤੇ ਭਵਿੱਖ ਦੀ ਦਵੰਦਾਤਮਕਤਾ ਨਾਲ ਜੋੜ ਦੇ ਵੇਖਿਆਂ ਸਾਰੀ ਸਥਿਤੀ ਨਿੱਖਰ ਕੇ ਸਾਹਮਣੇ ਆ ਜਾਵੇਗੀ। ਵਰਤਮਾਨ ਸਮੇਂ ਪੰਜਾਬੀ ਕੌਮ ਸੰਸਾਰ ਵਿਆਪੀ ਵਰਤਾਰੇ ਦਾ ਭਾਗ ਬਣਨ ਅਤੇ ਆਪਣੇ ਅਮੀਰ ਵਿਰਸੇ ਤੇ ਕਦਰਾਂ-ਕੀਮਤਾਂ ਨੂੰ ਤਬਾਹ ਹੋਣ ਤੋਂ ਬਚਾਉਣ ਦੇ ਤਨਾਉ (ਦਵੰਦ) ਅਧੀਨ ਵਿਚਰ ਰਹੀ ਹੈ। ਵਿਗਿਆਨਕ ਚੇਤਨਾ ਅਤੇ ਪਰੰਪਰਾਗਤ ਸੋਚ ਜਿਵੇਂ ਆਪਸ ਵਿਚ ਉਲਝੇ ਹੋਏ ਹਨ।

ਖੇਤੀਬਾੜੀ ਉੱਪਰ ਆਧਾਰਿਤ ਸਮਾਜ, ਜਾਤ-ਪਾਤ, ਅਨਪੜ੍ਹਤਾ, ਗਰੀਬੀ, ਭ੍ਰਿਸ਼ਟਾਚਾਰ, ਪੁਰਾਣੀ, ਵੇਲਾ ਵਿਹਾ ਚੁੱਕੀ ਅਤੇ ਅਤਾਰਕਿਕ ਨੂੰ ਤਾਰਕਿਕ ਅਤੇ ਅਗਰਗਾਮੀ ਕਹਿਣ ਵਾਲੀ ਪਰੰਪਰਾਗਤ ਸੋਚ ਸਾਡੇ ਅਜੋਕੇ ਸਮਾਜ ਦੀਆਂ ਹਕੀਕਤਾਂ ਹਨ। ਜਗੀਰੂ ਰੁਚੀਆਂ ਅਤੇ ਧੀਮੀ ਤੇ ਸੁਸਤ ਚਾਲੇ ਚੱਲ ਰਹੇ ਇਸ ਸਮਾਜ ਉੱਪਰ ਸੰਸਾਰੀਕਰਨ ਦਾ ਐਸਾ ਜਬਰਦਸਤ ਹਮਲਾ ਹੋਇਆ ਹੈ, ਜਿਸ ਨੇ ਸਮੁੱਚੀ ਸਥਿਤੀ ਦੇ ਸਰੂਪ ਨੂੰ ਹੀ ਅਜੀਬੋ ਗਰੀਬ ਬਣਾ ਦਿੱਤਾ ਹੈ। ਸੂਚਨਾ ਤਕਨੀਕ, ਮੋਬਾਈਲ ਫੋਨ, ਇਨਟਰਨੈੱਟ ਅਤੇ ਕਾਰਪੋਰੇਟ ਮੀਡੀਏ ਨੇ ਸਮੁੱਚੇ ਸੰਸਾਰ ਨੂੰ ਸੰਗੋੜ ਦਿੱਤਾ ਹੈ। ਸੱਚਾਈ; ਰਹੱਸ, ਰੁਮਾਂਸ ਅਤੇ ਮੰਡੀ ਦੇ ਪਰਦਿਆਂ ਹੇਠ ਛੁਪ ਗਈ ਹੈ। ਨਿਰਸੰਦੇਹ, ਬਿਜਲਈ ਸਿਸਟਮ ਤੇ ਸੰਦਾਂ ਦੇ ਸਮੁੱਚੇ ਪ੍ਰਭਾਵ ਨੇ ਸਾਡੇ ਬੰਦ ਸਭਿਆਚਾਰ ਨੂੰ ਖੁੱਲ੍ਹੇ ਸਰੂਪ ਵਿਚ ਬਦਲ ਦਿੱਤਾ ਹੈ। ਸਾਡੇ ਰੁਝੇਵਿਆਂ, ਮਨੋਰਥਾਂ, ਰਿਸ਼ਤਿਆਂ, ਆਦਤਾਂ, ਨੈਤਿਕਤਾ, ਖੁਰਾਕ, ਪਹਿਰਾਵੇ ਅਰਥਾਤ ਸਮੁੱਚੀ ਜੀਵਨ ਸ਼ੈਲੀ ਨੂੰ ਇਸ ਪ੍ਰਕਿਰਿਆ ਨੇ ਆਪਣੇ ਪ੍ਰਭਾਵ ਹੇਠ ਲਿਆਂਦਾ ਹੈ। ਦਿੱਖ ਦੀ ਪੱਧਰ ਉੱਪਰ ਦੇਖੀਏ ਤਾਂ ਇਸ ਬਦਲਾਵ ਦਾ ਸਰੂਪ ਹਾਂ-ਪੱਖੀ ਪ੍ਰਤੀਤ ਹੁੰਦਾ ਹੈ ਪਰੰਤੂ ਗਹਿਨ ਪੱਧਰ ਉੱਪਰ ਇਸ ਪ੍ਰਕਿਰਿਆ ਨੇ ਅਮੀਰ ਤੇ ਗਰੀਬ ਵਿਚਾਲੇ ਪਾੜੇ ਵਿਚ ਵਾਧਾ ਕੀਤਾ ਹੈ। ਇਹ ਸਾਮਰਾਜੀ ਤਾਕਤਾਂ ਵੱਲੋਂ ਕੀਤਾ ਜਾ ਰਿਹਾ ਅਜਿਹਾ ਸਭਿਆਚਾਰਕ ਹਮਲਾ ਹੈ, ਜਿਸ ਨੇ ਪੰਜਾਬੀ ਕੀ ਸਮੁੱਚੇ ਭਾਰਤੀ ਸਭਿਆਚਾਰ, ਜੀਵਨ ਸ਼ੈਲੀ, ਵਿਰਸੇ ਅਤੇ ਰਹਿਣੀ-ਬਹਿਣੀ ਦੀ ਹੋਂਦ ਦੇ ਬਰਕਰਾਰ ਰਹਿਣ ਉੱਪਰ ਹੀ ਸੁਆਲੀਆ ਨਿਸ਼ਾਨ ਲਾ ਦਿੱਤਾ ਹੈ।

ਅਜੋਕੀ ਸਥਿਤੀ ਵਿਚ ਪੰਜਾਬੀ ਮਨੁੱਖ ਗਿਆਨ-ਵਿਹੂਣੀ ਜਾਣਕਾਰੀ ਤੇ ਦੂਰਦ੍ਰਿਸ਼ਟਤਾ ਵਿਹੂਣੇ ਗਿਆਨ ਦੇ ਰਸਤੇ ਉੱਪਰ ਚਲ ਰਿਹਾ ਹੈ। ਸਾਡੇ ਪੂਰੇ ਮੁੱਲ-ਪ੍ਰਬੰਧ ਵਿਚ ਗਿਰਾਵਟ ਜਾਂ ਨਿਘਾਰ ਵਿਆਪਿਆ ਦਿਖਾਈ ਦੇਂਦਾ ਹੈ। ਮਾਇਆ ਪੰਜਾਬੀ ਸਮਾਜ ਦਾ ਰੱਬ ਬਣ ਗਈ ਹੈ ਅਤੇ ਕਿਰਤ-ਸਭਿਆਚਾਰ ਦੇ ਉਲਟ ਪਰਜੀਵੀ ਸਭਿਆਚਾਰ ਪੰਜਾਬੀਆਂ ਦੀ ਜੀਵਨ ਸ਼ੈਲੀ ਦਾ ਹਿੱਸਾ ਬਣ ਰਿਹਾ ਹੈ। ਭ੍ਰਿਸ਼ਟ, ਅਨੈਤਿਕ ਅਤੇ ਅਯੋਗ ਢੰਗ ਤਰੀਕਿਆਂ ਨਾਲ ਮਾਇਆ ਦੇ ਅੰਬਾਰ ਲਾਉਣ ਦੀ ਅੰਨ੍ਹੀ ਲਾਲਸਾ ਇਸੇ ਪਰਜੀਵੀ ਸਭਿਆਚਾਰ ਦਾ ਹਿੱਸਾ ਹੈ। ਪੈਦਾਵਾਰ, ਮੁਕਾਬਲੇ, ਖਪਤ ਅਤੇ ਮੰਡੀ ਨੇ ਖਪਤਕਾਰੀ ਸਭਿਆਚਾਰ ਨੂੰ ਜਨਮ ਦਿੱਤਾ ਹੈ। ਇਸ ਸਥਿਤੀ ਵਿਚ ਜੇ ਸੰਸਾਰ ਦਾ ਮੰਡੀਕਰਨ ਹੋਇਆ ਹੈ ਤਾਂ ਨਾਲ ਹੀ ਨਾਲ ਮਨੁੱਖਤਾ ਦਾ ਵਪਾਰੀਕਰਨ ਵੀ ਹੋਇਆ ਹੈ। ਪਰਸਪਰ ਸਹਿਯੋਗ ਦੀ ਥਾਂ ਗਲ-ਵੱਢ ਮੁਕਾਬਲੇ ਨੇ ਲੈ ਲਈ ਹੈ। ਬਿਜਲਈ ਮਾਧਿਅਮਾਂ ਨੇ ਦਿਲਕਸ਼ ਅਤੇ ਬਜ਼ਾਰੂ ਕਿਸਮ ਦੇ ਪ੍ਰਚਾਰ ਦੇ ਜ਼ਰੀਏ ਵਸਤੂਆਂ ਪ੍ਰਤੀ ਅਸੀਮ ਲਾਲਸਾ ਅਤੇ ਖ਼ਬਤ ਨੂੰ ਜਨਮ ਦਿੱਤਾ ਹੈ। ਹਰ ਸ਼ੈਅ ਦਾ ਮੰਡੀਕਰਨ ਜਾਂ ਵਪਾਰੀਕਰਨ ਹੋ ਗਿਆ ਹੈ ਅਤੇ ਵਪਾਰ ਪ੍ਰਚਾਰ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਇਸ ਪ੍ਰਚਾਰ ਦਾ ਸਭ ਤੋਂ ਵੱਡਾ ਮਾਧਿਅਮ ਹੈ ਟੀ.ਵੀ. ਅਤੇ ਉਸ ਦੇ ਭਿੰਨ-ਭਿੰਨ ਚੈਨਲ। ਟੀ.ਵੀ. ਪਾਸ ਤਸਵੀਰ ਅਤੇ ਆਵਾਜ਼ ਦੇ ਜ਼ਰੀਏ ਮੋਹ ਲੈਣ ਅਤੇ ਏਥੋਂ ਤੱਕ ਕਿ ਅੰਨ੍ਹਾ ਕਰ ਦੇਣ ਦੀ ਅਥਾਹ ਸਮਰੱਥਾ ਹੈ। ਇਸ ਪਿੱਛੇ ਕੰਮ ਕਰਦੀ ਧਿਰ ਦੀ ਕੋਈ ਮਾਨਵੀ ਚਿੰਤਾ ਨਹੀਂ, ਮਾਇਆ ਕਮਾਉਣੀ (ਮੁਨਾਫਾ) ਹੀ ਮੁੱਖ ਧਰਮ ਹੈ। ਇਸ ਧਰਮ ਦੀ ਪੂਰਤੀ ਲਈ ਅੰਧਵਿਸ਼ਵਾਸ ਫੈਲਾਉਣੇ, ਭਰਮ ਭੁਲੇਖੇ ਪਾਉਣਾ, ਸਭਿਆਚਾਰਕ ਕੀਮਤਾਂ ਦੀ ਦੁਰਵਰਤੋਂ ਕਰਨਾ, ਬੱਚਿਆਂ ਦੀ ਮਾਸੂਮੀਅਤ ਅਤੇ ਔਰਤ ਦੇ ਨੰਗੇਜ਼ ਦੀ ਵਰਤੋਂ ਕਰਨਾ, ਦੱਬੀਆਂ ਭਾਵਨਾਵਾਂ ਨੂੰ ਭਟਕਾਉਣਾ-ਉਕਸਾਉਣਾ ਅਤੇ ਏਥੋਂ ਤੱਕ ਕਿ ਵਿਰੋਧ, ਮੁਕਾਬਲੇ ਤੇ ਨਫ਼ਰਤ ਨੂੰ ਅਵਚੇਤਨ ਤੱਕ ਉਤਾਰ ਦੇਣਾ, ਸਭ ਕੁਝ ਜਾਇਜ਼ ਸਮਝਿਆ ਜਾਂਦਾ ਹੈ। ਇਸ਼ਤਿਹਾਰਬਾਜ਼ੀ ਨੇ ਗਲਤ/ਠੀਕ, ਸੱਚਾਈ/ਧੁੰਦ ਅਤੇ ਸੂਚਨਾ/ਪ੍ਰਮਾਣਕ ਗਿਆਨ ਵਿਚਾਲੇ ਖੂਬ ਰੋਲ ਘਚੋਲ ਮਚਾਇਆ ਹੋਇਆ ਹੈ।

ਪੰਜਾਬੀ ਕੌਮ ਜਾਂ ਮਨੁੱਖ ਦਿਸਦੇ ਧਰਾਤਲ ਉੱਪਰ ਚੋਖਾ ਖੁਸ਼ਹਾਲ ਹੋਇਆ ਜਾਪਦਾ ਹੈ ਅਤੇ ਉਸ ਦੇ ਜੀਵਨ-ਸਤਰ ਨੂੰ ਵੀ ਪਹਿਲਾਂ ਨਾਲੋਂ ਬੇਹਤਰ ਬਣਾਉਣ ਦਾ ਦਾਅਵਾ ਕਰਨ ਵਾਲੇ ਟੀ.ਵੀ. ਚੈਨਲ ਹਨ, ਦੂਰ-ਦੁਰਾਡੇ ਰਾਬਤਾ ਪੈਦਾ ਕਰਨ ਲਈ ਟੈਲੀਫ਼ੂਨ, ਇੰਟਰਨੈੱਟ ਤੇ ਈ-ਮੇਲ ਦੀ ਸੁਵਿਧਾ ਹੈ। ਜ਼ਿੰਮੇਵਾਰੀ ਦੇ ਨਾਲੋਂ ਖੁੱਲ੍ਹ ਦਾ ਵਧੇਰੇ ਅਹਿਸਾਸ ਹੈ ਅਤੇ ਜਿਸਮ ਦੀ ਭਟਕਣਾ ਨੂੰ ਵਕਤੀ ਤੌਰ ’ਤੇ ਸੰਤੁਸ਼ਟ ਕਰਨ ਜਾਂ ਵਧਾਉਣ ਵਾਲੇ ਅਨੇਕਾਂ ਮਸਨੂਈ ਤਰੀਕੇ ਹਨ। ਪਰੰਤੂ ਇਹ ਤਾਂ ਦਿਸਦੀ ਸਤਹ ਹੈ। ਅੰਦਰੂਨੀ ਧਰਾਤਲ ਉੱਪਰ ਰਿਸ਼ਤਿਆਂ ਤੇ ਨੈਤਿਕਤਾ ਦੇ ਵਪਾਰੀਕਰਨ ਨੇ ਸਭ ਅੱਛਾ ਨਹੀਂ ਰਹਿਣ ਦਿੱਤਾ। ਇਸ ਸਭ ਕੁਝ ਲਈ ਪੰਜਾਬੀਆਂ ਨੂੰ ਸਦਾਚਾਰਕ ਕੀਮਤਾਂ ਅਤੇ ਸਮਾਜਕ ਮੁੱਲਾਂ ਦੀ ਵੱਡੀ ਕੀਮਤ ਅਦਾਅ ਕਰਨੀ ਪਈ ਹੈ।

ਕੌਮਾਂਤਰੀ ਪੱਧਰ ਉੱਪਰ ਜੇਕਰ ਸੂਚਨਾ ਤਕਨੀਕ ਦੇ ਵਿਕਾਸ ਨਾਲ ਸਭਿਆਚਾਰਾਂ ਦਾ ਆਪਸੀ ਫ਼ਾਸਲਾ ਘਟਿਆ ਹੈ ਤਾਂ ਨਾਲ ਦੀ ਨਾਲ ਨਕਲ ਕਰਨ ਅਤੇ ਪੱਛਮ ਨੂੰ ਹੀ ਪ੍ਰਮਾਣਕ ਮੰਨਣ ਦੀ ਰੁਚੀ ਨੇ ਵੀ ਜ਼ੋਰ ਫੜਿਆ ਹੈ। ਨਵੀਂ ਪੀੜ੍ਹੀ ਫ਼ਿਲਮਾਂ, ਨਾਟਕਾਂ ਅਤੇ ਇਸ਼ਤਿਹਾਰਾਂ ਦੇ ਪ੍ਰਭਾਵ ਹੇਠ ਆਪਣੀ ਮਾਂ-ਬੋਲੀ ਤੋਂ ਮੁੱਖ ਮੋੜ ਹਿੰਗਲਿਸ਼ (ਹਿੰਦੀ + ਇੰਗਲਿਸ਼) ਅਤੇ ਪਿੰਗਲਿਸ਼ (ਪੰਜਾਬੀ + ਇੰਗਲਿਸ਼)ਦੀ ਵਰਤੋਂ ਨੂੰ ਮਾਣ-ਮੱਤਾ ਸਮਝਦੀ ਹੈ। ਵਸਤਾਂ ਦੀ ਵਾਧੂ ਪੂਰਤੀ, ਇਸ਼ਤਿਹਾਰਾਂ, ਕਾਮ-ਉਕਸਾਊ ਫ਼ਿਲਮਾਂ, ਨਾਟਕਾਂ ਨੇ ਅਸੀਮ ਲਾਲਸਾ ਨੂੰ ਜਨਮ ਦਿੱਤਾ ਹੈ। ਸਾਧਨਾਂ ਦੀ ਘਾਟ ਅਤੇ ਵਸਤਾਂ ਦੀ ਵਾਧੂ ਪੂਰਤੀ ਦੀ ਇੱਛਾ ਵਿਚੋਂ ਕਿਸ ਪ੍ਰਕਾਰ ਦਾ ਮਾਨਵੀ ਵਿਹਾਰ ਜਨਮ ਲੈ ਸਕਦਾ ਹੈ ? ਪੈਦਾ ਹੋਏ ਮੁੱਲਾਂ ਵਿਚ ਤਿਕੜਮਬਾਜ਼ੀ, ਫ਼ਰੇਬ, ਦਗੇ, ਦੂਹਰੇ-ਮੁੱਲਾਂ, ਦੂਹਰੀਆਂ ਵਫ਼ਾਦਾਰੀਆਂ, ਰਿਸ਼ਵਤਖੋਰੀ ਅਤੇ ਠੱਗੀ ਠੋਰੀ ਨੂੰ ਵਧੇਰੇ ਮਹੱਤਵ ਪ੍ਰਾਪਤ ਹੈ। ਇਹ ਤਤਕਾਲਵਾਦੀ ਜੀਵਨ—ਸ਼ੈਲੀ ਹੈ। ਵਪਾਰੀਕਰਨ ਦੀ ਬਿਰਤੀ ਤਹਿਤ ਵਿਅਕਤੀ, ਰਿਸ਼ਤੇ, ਜਿਸਮ, ਵਿਆਹ, ਤਿਉਹਾਰ ਅਤੇ ਕਾਮੁਕ ਰਿਸ਼ਤੇ ਸਭ ਵਣਜ ਬਣਦੇ ਜਾ ਰਹੇ ਹਨ। ਹਰ ਵਿਅਕਤੀ ਦੀ ਸੋਚ ਉੱਪਰ ਮਾਇਆ ਦਾ ਗਲਬਾ ਹੈ। ਗਲ-ਵੱਢ ਮੁਕਾਬਲੇ ਅਤੇ ਭ੍ਰਿਸ਼ਟਾਚਾਰ ਦੇ ਜ਼ਮਾਨੇ ਵਿਚ ਅਸਫ਼ਲਤਾ ਦੀ ਸੰਭਾਵਨਾ ਤਾਂ ਵਧੀ ਹੀ ਹੈ, ਨਾਲ ਦੀ ਨਾਲ ਉਦੇਸ਼ ਪੂਰਤੀ ਦੇ ਰਾਹ ਵਿਚਲੀਆਂ ਰੁਕਾਵਟਾਂ ਨੇ ਵਿਸ਼ਾਦ ਨੂੰ ਜਨਮ ਦਿੱਤਾ ਹੈ। ਗੱਲ ਕੀ ਮੰਡੀਕਰਨ ਅਤੇ ਖਪਤਕਾਰੀ ਸਭਿਆਚਾਰ ਦੇ ਇਸ ਯੁੱਗ ਵਿਚ ਪੰਜਾਬੀ ਕੌਮ ਅਤੇ ਉਸਦੇ ਸਭਿਆਚਾਰ ਦੇ ਹਰ ਵੇਰਵੇ ਉੱਪਰ ਤੜਕ-ਭੜਕ, ਥਰਥਰਾਹਟ, ਸਨਸਨੀ, ਉਤੇਜਨਾ ਅਤੇ ਝਰਨਾਹਟ ਦਾ ਸੰਘਣਾ ਲੇਪ ਦਿਖਾਈ ਦੇਂਦਾ ਹੈ।

ਪੰਜਾਬੀ ਕੌਮ ਅਤੇ ਉਸਦੇ ਸਭਿਆਚਾਰ ਉੱਪਰ, ਭਿੰਨ-ਭਿੰਨ ਦਬਾਵਾਂ ਕਾਰਨ ਵਾਪਰ ਰਹੀਆਂ ਇਨ੍ਹਾਂ ਤਬਦੀਲੀਆਂ ਵੱਲ ਇਸ਼ਾਰਾ ਕਰਨ ਦਾ ਅਰਥ ਇਹ ਹਰਗਿਜ਼ ਨਹੀਂ ਕਿ ਅਸੀਂ ਹਰ ਪ੍ਰਕਾਰ ਦੀ ਤਬਦੀਲੀ ਜਾਂ ਬਦਲਾਵ ਦੇ ਵਿਰੋਧੀ ਹਾਂ। ਮਸਲਾ ਸਾਧਨਾਂ ਦੀ ਬਹੁਲਤਾ ਦਾ ਨਹੀਂ, ਉਨ੍ਹਾਂ ਦੀ ਵੰਡ ਦਾ ਹੈ। ਇਸ ਅਸਾਵੀਂ ਵੰਡ ਸਦਕਾ ਪੈਦਾ ਹੋਈ ਮਨੁੱਖ ਮਾਰੂ ਪ੍ਰਣਾਲੀ, ਉਤੇਜਿਤ ਪਸ਼ੂ ਬਿਰਤੀਆਂ ਜਾਂ ਅਮਾਨਵੀਕਰਨ ਦੀ ਪ੍ਰਕਿਰਿਆ ਦੀ ਪ੍ਰਕਿਰਿਤੀ ਪਛਾਣਨ ਦਾ ਹੈ। ਨਾਲ ਦੀ ਨਾਲ ਇਸ ਦਾ ਅਰਥ ਇਹ ਵੀ ਹਰਗਿਜ਼ ਨਹੀਂ ਕਿ ਅਸੀਂ ਪੰਜਾਬੀ ਸਭਿਆਚਾਰ ਦੇ ਵਿਰਸੇ ਵਿਚ ਜੋ ਕੁੱਝ ਪ੍ਰਾਪਤ ਹੈ ਉਸ ਨੂੰ ਆਦਰਸ਼ਿਆ ਕੇ ਪੇਸ਼ ਕਰਨਾ ਚਾਹੁੰਦੇ ਹਾਂ। ਨਿਰਸੰਦੇਹ ਉਸ ਵਿਚ ਵੀ ਬਹੁਤ ਕੁਝ ਤਰਕਹੀਣਤਾ, ਹਨੇਰਬਿਰਤੀ, ਧਾਰਮਕ ਤੁਅੱਸਬ, ਕਰਮਕਾਂਡੀ-ਸਭਿਆਚਾਰ, ਅਨਪੜ੍ਹਤਾ, ਕੱਟੜਤਾ, ਪੱਛੜੇਪਣ, ਫਿਰਕੂ ਜਨੂੰਨ, ਇਲਾਕਾਵਾਦ ਅਤੇ ਖੁਦਗਰਜ਼ੀ, ਜਾਤੀਵਾਦ ਦੀ ਬੁਨਿਆਦ ਉੱਪਰ ਖੜ੍ਹਾ ਹੈ। ਅਸਲੀਅਤ, ਤਰਕਸ਼ੀਲਤਾ ਅਤੇ ਵਿਗਿਆਨਕ ਚੇਤਨਾ ਤੋਂ ਫਾਸਲਾ ਥਾਪ ਅਸੀਂ ਨਵੀਨਤਮ ਖੋਜਾਂ ਵਿਚੋਂ ਪੁਰਾਤਨ ਦੀ ਭਾਲ ਵਿਚ ਉਲਝੇ ਹੋਏ ਹਾਂ, ਅਸੀਂ ਗੱਲਾਂ ਰੂਹਾਨੀਅਤ ਦੀਆਂ ਕਰਦੇ ਹਾਂ ਅਤੇ ਮਸਰੂਫ ਹਾਂ ਅਤਿ ਮਾਦਾ ਪ੍ਰਕਿਰਤੀ ਦੀਆਂ ਚੀਜ਼ਾਂ-ਵਸਤਾਂ ਦੀ ਵਰਤੋਂ

ਵਿਚ। 'ਮਸਲਾ ਇਕ ਪਾਸੇ ਅਤਾਰਕਿਕਤਾ ਦੀ ਬੁਨਿਆਦ ਉੱਪਰ ਉੱਸਰੀ ਸਥਿਤੀ ਤੋਂ ਬਚਾਅ ਦਾ ਵੀ ਹੈ ਅਤੇ ਬਦਲਾਵ ਦੀ ਪ੍ਰਕਿਰਤੀ ਪਛਾਣ ਦਾ ਵੀ। ਸਾਡਾ ਭੂਤ ਦਾ ਮਾਣ ਇਤਿਹਾਸ ਦੀ ਸੋਝੀ ਵਿਚੋਂ ਪੈਦਾ ਹੋਣਾ ਚਾਹੀਦਾ ਹੈ ਅਤੇ ਬਦਲਾਵ ਦੀ ਮੂਲ ਪ੍ਰਕਿਰਤੀ ਦਾ ਵਿਰੋਧ ਤਾਰਕਿਕ ਬਿਰਤੀ ਅਤੇ ਵਿਗਿਆਨਕ ਪਹੁੰਚ ਉੱਪਰ।

ਪੰਜਾਬੀ ਕੌਮ ਅਤੇ ਉਸਦੇ ਦਰਸ਼ਨ ਦਾ ਆਦਰਸ਼ ਮੰਡੀ ਦੀਆਂ ਕੀਮਤਾਂ ਨਹੀਂ ਬਲਕਿ ਅੰਧਵਿਸ਼ਵਾਸਾਂ, ਜਾਤਾਂ, ਕੌਮਾਂ, ਜਮਾਤਾਂ ਅਤੇ ਭਰਮਾਂ ਤੋਂ ਮੁਕਤ ਆਪਸੀ ਭਾਈਚਾਰੇ ਤੇ ਭਰਾਤਰੀਭਾਵ ਦੀ ਤੰਦ ਵਿਚ ਬੱਝੇ ਐਸੇ ਮਨੁੱਖ ਦੀ ਸਿਰਜਣਾ ਦਾ ਹੋਣਾ ਚਾਹੀਦਾ ਹੈ ਜਿਸ ਵਿਚ ਮਨੁੱਖ ਖੁਦ ਨੂੰ ਮਨੁੱਖ ਦੀ ਔਲਾਦ ਮਹਿਸੂਸ ਕਰੇ, ਉਸ ਦੀ ਮੁਕੰਮਲ ਵਚਨਬੱਧਤਾ ਮਾਨਵੀ ਨਸਲ ਦੇ ਜੀਵਨ ਦੀ ਖੁਸ਼ਹਾਲੀ ਨਾਲ ਹੋਵੇ ਅਤੇ ਉਸ ਦੇ ਫੈਸਲੇ ਜਗੀਰੂ ਰੁਚੀਆਂ ਜਾਂ ਮੁਨਾਫੇ ਵਿਚੋਂ ਨਹੀਂ ਮਾਨਵੀ ਸਰੋਕਾਰਾਂ ਜਾਂ ਚਿੰਤਾਵਾਂ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਨ। ਇਸ ਸੁਪਨੇ ਦੀ ਪੂਰਤੀ ਲਈ ਸਾਡੇ ਆਪਣੇ ਵਿਰਸੇ ਜਾਂ ਅਤੀਤ ਪ੍ਰਤੀ ਕਿਸ ਪ੍ਰਕਾਰ ਦਾ ਰਵੱਈਆਂ ਹੋਵੇ ? ਇਹ ਵਿਚਾਰਣਯੋਗ ਮਸਲਾ ਹੈ।

ਵਿਰਸੇ ਪ੍ਰਤੀ ਗੌਰਵ ਦੀ ਭਾਵਨਾ ਜਾਂ ਉਸਦਾ ਗੁਣ-ਗਾਣ ਇਕ ਚੀਜ਼ ਹੈ ਅਤੇ ਉਸਦਾ ਵਿਗਿਆਨਕ ਅਧਿਐਨ ਅਸਲੋਂ ਵੱਖਰੀ ਗੱਲ। ਕਈ ਵਾਰੀ ਸਾਡੀ ਗੌਰਵ ਜਾਂ ਗੁਣ-ਗਾਣ ਦੀ ਭਾਵਨਾ ਰੁਮਾਂਚਿਕ ਮੋਹ ਦੀ ਹੱਦ ਤੱਕ ਫੈਲ ਜਾਂਦੀ ਹੈ। ਬਹੁਤੀ ਵਾਰ ਸਾਡੇ ਲੋਕ ਸਾਹਿਤ ਦੇ ਇਕਤ੍ਰੀਕਰਣ, ਉਸ ਵਿਚ ਪੇਸ਼ ਇੱਛਾਵਾਂ, ਕਦਰਾਂ-ਕੀਮਤਾਂ ਅਤੇ ਰੁਹ-ਰੀਤਾਂ ਆਦਿ ਨੂੰ ਅਧਿਅਨ ਦਾ ਵਸਤੂ ਬਣਾਉਣ ਸਮੇਂ ਅਜਿਹਾ ਹੀ ਵਾਪਰਦਾ ਹੈ। ਅਰਥਾਤ ਸਾਡੀਆਂ ਆਦਰਸ਼ੀਕਰਣ ਅਤੇ ਰੁਮਾਂਚਿਕ ਮੋਹ ਦੀਆਂ ਭਾਵਨਾਵਾਂ ਅਗਰਭੂਮੀ ਵਿਚ ਆ ਜਾਂਦੀਆਂ ਹਨ ਅਤੇ ਅਧਿਅਨ-ਕਾਰਜ ਇਨ੍ਹਾਂ ਭਾਵਾਨਾਵਾਂ ਦੇ ਹੇਠ ਹੀ ਦਮ ਤੋੜ ਜਾਂਦਾ ਹੈ। ਸਾਹਿਤ ਪ੍ਰਤੀ ਡੂੰਘਾ ਲਗਾਓ ਹੋਣਾ ਇਕ ਗੱਲ ਹੈ ਅਤੇ ਇਸਦੀ ਪੇਸ਼ਕਾਰੀ ਸਮੇਂ ਰੋਮਾਨੀ ਵੇਗ ਅਤੇ ਐਸੇ ਉਲ੍ਹਾਰ ਤਰਸੇਵੇਂ ਦੇ ਵਹਿਣ ਵਿਚ ਵਹਿ ਜਾਣਾ ਦੂਸਰੀ ਗੱਲ। ਇਹ ਸਾਹਿਤ ਕਿਸ ਹੱਦ ਤੱਕ ਭਾਵ-ਵਿਰੇਚਨ ਦਾ ਕਾਰਜ ਨਿਭਾਉਂਦਾ ਹੈ ਅਤੇ ਇਸ ਵਿਚ ਕਿੰਨੀਆਂ ਕੁ ਸਮੇਂ ਦੀਆਂ ਹਾਣੀ ਜਾਂ ਵਿਦਰੋਹੀ ਸੰਭਾਵਨਾਵਾਂ ਮੌਜੂਦ ਹਨ, ਇਹ ਇਸ ਪ੍ਰਤਿ ਬੁਨਿਆਦੀ ਤਾਰਕਿਕ ਸਵਾਲ ਬਣਨਾ ਚਾਹੀਦਾ ਹੈ। ਸਾਡੇ ਵਿਰਸੇ ਵਿਚ ਬਹੁਤ ਸਾਰੇ ਜੀਵੰਤ, ਲੋਕ-ਮੁੱਖ, ਪ੍ਰਗਤੀਸ਼ੀਲ, ਯੁੱਗ-ਅਨੁਕੂਲ ਅਤੇ ਪੰਜਾਬੀ ਸਮਾਜ ਲਈ ਮੂਲ ਮਹੱਤਵ ਰੱਖਦੇ ਮੁੱਲ ਮੌਜੂਦ ਹਨ। ਮਿਸਾਲ ਵਜੋਂ "ਬਾਰਿ ਪਰਾਇਐ ਬੈਸਣ" ਨੂੰ ਮੌਤ ਤੋਂ ਵੀ ਮਾੜਾ ਦੱਸਣਾ, ਸਚੁ ਦੀ ਭਾਲ ਤੇ ਸਚੁ ਅਚਾਰੁ ਨੂੰ ਮਾਨਵੀਂ ਹੋਂਦ ਤੇ ਆਚਰਨ ਦਾ ਆਦਰਸ਼ ਦੱਸਣਾ, ਏਕ ਪਿਤਾ ਏਕਸ ਕੇ ਹਮ ਬਾਰਕ ਰਾਹੀਂ ਸਾਰੀ ਮਨੁੱਖਤਾ ਨੂੰ ਇਕ ਸੂਤਰ ਵਿਚ ਪਰੋਣਾ, ਕਰਮਾਂ ਦੀ ਥਾਂ ਕਿਰਤ ਦੇ ਮਹੱਤਵ ਨੂੰ ਦ੍ਰਿੜ ਕਰਨਾ, ਸੰਯੁਕਤ ਸਭਿਆਚਾਰ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨਾ, ਸਹਿਹੋਂਦ ਅਤੇ ਸੰਵਾਦ ਦੇ ਮਹੱਤਵ ਨੂੰ ਉਘਾੜਣਾ, ਹਾਕਮ ਵਰਗ ਦੀ ਲੁੱਟ-ਖਸੁੱਟ ਦਾ ਦਲੇਰੀ ਨਾਲ ਵਿਰੋਧ ਕਰਨਾ, ਬ੍ਰਾਹਮਣਵਾਦੀ ਕਰਮਕਾਂਡ ਨੂੰ ਭੰਡਣਾ, ਮਿਹਨਤਕਸ਼ ਅਤੇ ਸਮਾਜਕ ਅਨਿਆ ਦੇ ਸ਼ਿਕਾਰ ਦੀ ਨਾ ਸਿਰਫ ਧਿਰ ਬਣਨਾ ਬਲਕਿ ਲੁਟੇਰੇ ਵਰਗ ਨੂੰ ਪੂਰੀ ਜੁਰੱਅਤ ਨਾਲ ਵੰਗਾਰਨਾ ਆਦਿ। ਨਾਲ ਦੀ ਨਾਲ ਇਸ ਵਿਚ ਬਹੁਤ ਸਾਰੀਆਂ ਮਿੱਥਾਂ, ਭ੍ਰਾਂਤੀਆਂ ਅਤੇ ਨਕਾਰਨਯੋਗ/ਵੇਲਾ ਵਿਹਾ ਚੁੱਕੇ ਤੱਤ ਵੀ ਮੌਜੂਦ ਹਨ। ਲੋੜ ਗੁਰਬਾਣੀ ਅਤੇ ਸੂਫ਼ੀ ਕਾਵਿ ਦੇ ਪ੍ਰਸੰਗ ਵਿਚ ਇਸ ਦੇ ਧਾਰਮਕ ਕੋਡ ਨੂੰ ਪਛਾਣਨ ਅਤੇ ਉਸ ਦੀਆਂ ਸੀਮਾਵਾਂ ਦੇ ਅੰਦਰਵਾਰ ਵਿਚਰ ਕੇ ਇਸ ਦੀ ਵਿਆਖਿਆ ਤੇ ਮੁੱਲਾਂਕਣ ਕਰਨ ਦੀ ਹੈ। ਅਸਲ ਵਿਚ ਕਿਸੇ ਵਰਤਾਰੇ ਨੂੰ ਮਹਿਜ ਪੂਜਾ ਦੀ ਵਸਤ ਸਮਝ ਬੈਠਣ ਅਤੇ ਉਸਦੀਆਂ ਇਤਿਹਾਸਕ ਸੀਮਾਵਾਂ ਪ੍ਰਤੀ ਅੱਖਾਂ ਮੁੰਦ ਲੈਣ ਵਿਚੋਂ ਹੀ ਸਾਰੇ ਸੰਕਟ ਜਨਮਦੇ ਅਤੇ

ਵਿਗਸਦੇ ਹਨ। ਵਿਰਸੇ ਨੂੰ ਨਾ ਉੱਚਿਆ-ਆਦਰਸ਼ਿਆ ਕੇ ਮਸਲਾ ਹੱਲ ਹੁੰਦਾ ਹੈ ਅਤੇ ਨਾ ਇਸ ਪ੍ਰਤੀ ਕਰੜਾਈ ਭਰੀ ਤੇ ਖੰਡਨਕਾਰੀ ਰੁਚੀ ਅਪਣਾਅ ਕੇ। ਜਿੱਥੇ ਪਹਿਲੀ ਰੁਚੀ ਵਿਰਸੇ ਵਿਚੋਂ ਵਰਤਮਾਨ ਦੀਆਂ ਤਮਾਮ ਗੁੰਝਲਾਂ ਤੇ ਮਸਲਿਆਂ ਦੇ ਹੱਲ ਤਲਾਸ਼ਦੀ ਹੈ, ਉਥੇ ਦੂਸਰੀ ਇਸ ਨੂੰ ਮੂਲੋਂ ਹੀ ਰੱਦ-ਨਕਾਰ ਕੇ ਰੱਖ ਦੇਂਦੀ ਹੈ। ਇਕ ਹੋਰ ਰੁਝਾਣ ਵਿਰਸੇ ਨਾਲ ਸੰਬੰਧਿਤ ਵੱਖ-ਵੱਖ ਪ੍ਰਕਿਰਤੀ ਦੇ ਧਾਰਣੀ ਗ੍ਰੰਥਾਂ ਵਿਚ ਆਪਣੀ ਸਮੁੱਚੀ ਸਿਆਣਪ ਨੂੰ ਖੋਰ ਕੇ ਉਸ ਨੂੰ ਸਰਬਕਾਲੀ ਮਹੱਤਵ ਦੇ ਧਾਰਣੀ ਸਿੱਧ ਕਰਨ ਨਾਲ ਸੰਬੰਧਿਤ ਹੈ। ਇਹ ਇਕ ਵੱਖਰੀ ਤਰ੍ਹਾਂ ਦਾ ਮੂਲਵਾਦ ਹੈ ਜਿਸਦਾ ਸ਼ਿਕਾਰ ਪੰਜਾਬੀ ਕੌਮ ਦੇ ਦਾਨਿਸ਼ਵਰ ਹੋ ਰਹੇ ਹਨ।

ਪੰਜਾਬੀ ਕੌਮ ਦੇ ਦਰਸ਼ਨ ਦੀ ਠੀਕ ਪਛਾਣ ਲਈ ਇਸ ਦੇ ਦਾਨਿਸ਼ਵਰਾਂ ਵੱਲੋਂ ਕੀਤੇ ਸਾਹਿਤ ਚਿੰਤਨ ਦੇ ਪ੍ਰਸੰਗ ਨੂੰ ਉਭਾਰਣਾ ਵੀ ਅਨੁਚਿਤ ਨਹੀਂ ਜਾਂ ਇਹ ਕਰੀਏ ਕਿ ਪੰਜਾਬੀ ਸਾਹਿਤ ਚਿੰਤਨ ਨੂੰ ਸ੍ਰੋਤ-ਸਾਮਗਰੀ ਵਜੋਂ ਗ੍ਰਹਿਣ ਕਰਕੇ ਵੀ ਪੰਜਾਬੀ ਕੌਮ ਦੇ ਦਰਸ਼ਨ ਸੰਬੰਧੀ ਕੁਝ ਸੂਤਰ ਨਿਤਾਰੇ ਜਾ ਸਕਦੇ ਹਨ। ਸ਼ੁਰੂ ਵਿਚ ਵਿਰਸੇ ਪ੍ਰਤੀ ਉਪਭਾਵੁਕਤਾ ਦੀ ਹੱਦ ਤੱਕ ਫੈਲੀ ਸਦਭਾਵੀ ਰੁਚੀ ਜਾਂ ਰੋਮਾਨੀ ਵੇਗ ਤਹਿਤ ਪੰਜਾਬੀ ਚਿੰਤਕਾਂ ਨੇ ਪੰਜਾਬੀ ਚਿੰਤਨ ਦੇ ਮੁੱਢ ਨੂੰ ਅਤਿ ਪ੍ਰਾਚੀਨ ਦੱਸਿਆ। ਵਿਰਸੇ ਪ੍ਰਤਿ ਸਦਭਾਵੀ ਰੁਚੀ, ਖੰਡਨਕਾਰੀ ਬਿਰਤੀ, ਪਰਖ ਦੇ ਪੈਮਾਨਿਆਂ ਤੇ ਇਤਿਹਾਸਕ ਦ੍ਰਿਸ਼ਟੀ ਦੀ ਘਾਟ ਅਤੇ ਵਿਅਕਤੀ ਪੂਜਾ ਦੀ ਭਾਵਨਾ ਨੇ ਪੰਜਾਬੀ ਚਿੰਤਨ ਦੇ ਮੁੱਢ ਦੇ ਮਸਲੇ ਨੂੰ ਖਾਸਾ ਉਲਝਾਅ ਕੇ ਰੱਖ ਦਿੱਤਾ। ਅਸਲ ਵਿਚ ਪੰਜਾਬੀ ਸਾਹਿਤ ਚਿੰਤਨ ਪਾਸ ਆਪਣਾ ਕਾਵਿ ਸ਼ਾਸ਼ਤਰ ਨਹੀਂ ਸੀ ਅਤੇ ਇਸਨੇ ਆਪਣਾ ਸਫ਼ਰ ਵਿਸ਼ੇਸ਼ ਇਤਿਹਾਸਕ ਪ੍ਰਸਿਥਿਤੀਆਂ ਅਤੇ ਉਨ੍ਹਾਂ ਦੇ ਪ੍ਰਤੀਕਰਮ ਵਜੋਂ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਵਿਰਸੇ ਦੀ ਸੰਭਾਲ ਅਤੇ ਉਸਦੀ ਗੌਰਵਤਾ ਨੂੰ ਉਜਾਗਰ ਕਰਨ ਤੋਂ ਕੀਤਾ ਸੀ। ਸੇਖੋਂ ਤੋਂ ਪੂਰਵਲੇ ਚਿੰਤਨ ਦੀ ਦਿੱਖ ਪ੍ਰਭਾਵਵਾਦੀ, ਪ੍ਰਸ਼ੰਸਾਵਾਦੀ, ਕਾਵਿਕ, ਭਾਵੁਕ, ਹੌਂਸਲਾ ਅਫ਼ਜ਼ਾਈ ਭਰਪੂਰ ਅਤੇ ਧਾਰਮਕ ਅਧਿਆਤਮਕ ਸੀ ਪਰੰਤੂ ਗਹਿਨ ਧਰਾਤਲ ਉੱਪਰ ਇਸ ਦੀਆਂ ਜੜ੍ਹਾ ਸਾਮਰਾਜੀ ਗੁਲਾਮੀ ਖਿਲਾਫ਼ ਪੈਂਤੜੇਬਾਜ਼ੀ ਨਾਲ ਵੀ ਜੁੜੀਆਂ ਹੋਈਆਂ ਸਨ; ਜਿਨ੍ਹਾਂ ਨੂੰ ਪੰਜਾਬੀ ਚਿੰਤਕ ਨਾ ਪਛਾਣ ਸਕੇ। ਆਜ਼ਾਦੀ ਉਪਰੰਤ ਮਸਲਾ ਉਪਭਾਵੁਕਤਾ ਦਾ ਤਿਆਗ ਕਰਕੇ ਉਸ ਸੰਸਾਰ ਦਰਸ਼ਨ, ਵਿਗਿਆਨਕ ਦ੍ਰਿਸ਼ਟੀਕੋਣ, ਬੌਧਿਕਤਾ ਤੇ ਤਰਕਸ਼ੀਲਤਾ ਨੂੰ ਅਪਣਾਉਣ ਦਾ ਬਣਿਆ ਜਿਸ ਦੇ ਆਧਾਰ ਉੱਪਰ ਲੋਕਾਈ ਦੀ ਮਾਨਸਿਕਤਾ ਨੂੰ ਇਨਕਲਾਬੀ ਦਿਸ਼ਾ ਵੱਲ ਮੋੜਿਆ ਜਾ ਸਕੇ। ਏਥੇ ਵੀ ਵਿਰਸੇ ਪ੍ਰਤੀ ਇਕੋ ਸਮੇਂ ਕਠੋਰ ਤੇ ਕੱਟੜਭਾਵੀ ਪਹੁੰਚ ਅਤੇ ਲੋੜੋਂ ਵੱਧ ਉਦਾਰਵਾਦੀ ਰੁਚੀ ਨੇ ਮੱਧਕਾਲੀਨ ਤੇ ਆਧੁਨਿਕ ਸਾਹਿਤ ਪ੍ਰਤੀ ਕੋਈ ਠੋਸ ਰਾਇ ਨਾ ਬਣਨ ਦਿੱਤੀ। ਆਪਣੀਆਂ ਕੁਲ ਖੂਬੀਆਂ ਦੇ ਬਾਵਜੂਦ ਸਤਵੇਂ ਦਹਾਕੇ ਤੋਂ ਪੱਛਮੀ ਚਿੰਤਨ ਹੀ ਸਾਡੇ ਲਈ ਪ੍ਰਮਾਣਕ ਬਣ ਗਿਆ ਅਤੇ ਆਪਣੇ ਪੁਰਾਣੇ ਤੇ ਨਵੇਂ ਸਾਹਿਤ ਵਿਚੋਂ ਪਰਖ ਦੇ ਪੈਮਾਨੇ ਟੋਲਣ ਨਾਲੋਂ ਅਸਾਂ ਅਣਪਚੇ ਬਿਦੇਸੀ ਗਿਆਨ ਨੂੰ ਆਪਣਾ ਇਕਲੌਤਾ ਆਸਰਾ ਬਣਾ ਲਿਆ। ਪੰਜਾਬੀ ਚਿੰਤਕ ਨੇ ਸਿਰਜਕ, ਰਚਨਾਕਾਰ ਜਾਂ ਸੰਵਾਦ-ਕਰਤਾ ਬਣਨ ਨਾਲੋਂ ਪ੍ਰਸਤੁਤ-ਕਰਤਾ ਵਜੋਂ ਆਪਣੀ ਭੂਮਿਕਾ ਨੂੰ ਸਵੀਕਾਰ ਕਰ ਲਿਆ। ਹੌਲੀ-ਹੌਲੀ ਚੌਤਰਫ਼ੀ ਨਿੱਘਰੇ ਮਾਹੌਲ ਨੇ ਸਮੁੱਚੀ ਪੰਜਾਬੀ ਅਕਾਦਮਿਕ ਸੰਵੇਦਨਾ ਵਿਚ ਵੀ ਨਿਘਾਰ ਲੈ ਆਂਦਾ। ਮੰਡੀ ਦੀਆਂ ਲੋੜਾਂ ਮੁਤਾਬਿਕ ਗਿਆਨ ਦਾ ਵੀ ਵਸਤੂਕਰਣ ਹੋ ਗਿਆ। ਏਸੇ ਲਈ ਅਜੋਕੇ ਯੁੱਗ ਵਿਚ ਇਸ ਨੂੰ ਆਰਥਕ ਹਿੱਤਾਂ ਅਤੇ ਗਰਜ਼ਾਂ ਦੀ ਪੂਰਤੀ ਲਈ ਇਕ ਸਾਧਨ ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਅਧਿਐਨ-ਵਿਧੀ ਨੂੰ ਵਿਰੋਧੀ ਪ੍ਰਕਿਰਤੀ ਵਾਲੇ ਪਾਠਾਂ ਨੂੰ ਪ੍ਰਮਾਣਕ ਸਿੱਧ ਕਰਨ ਲਈ ਨਿਰੰਤਰ ਤਰੋੜਦੇ-ਮਰੋੜਦੇ ਰਹਿਣਾ ਅਤੇ ਸਭਨਾਂ ਨੂੰ ਖੁਸ਼ ਕਰਨ ਲਈ ਆਪਣੇ ਪ੍ਰਤੀਮਾਨਾਂ ਨੂੰ ਹੱਦੋਂ-ਵੱਧ ਲਚਕੀਲਾ ਬਣਾ ਲੈਣਾ ਵੀ ਇਸੇ ਬਿਰਤੀ ਦਾ ਹਿੱਸਾ ਹਨ। ਪੰਜਾਬੀ ਸਾਹਿਤ ਦੀ ਵਿਲੱਖਣਤਾ ਦੀ ਪਛਾਣ ਲਈ ਮਾਂਗਵੇਂ ਸਿਧਾਂਤਾਂ ਦੀ ਮਸ਼ੀਨੀ ਵਰਤੋਂ ਨਾਲੋਂ ਵਿਹਾਰੀ ਕਾਰਜ ਵਿਚ ਰੁੱਝੇ

ਰਹਿਣਾ ਅਤੇ ਪਾਠਾਂ ਦੇ ਮੰਥਣ ਥਾਣੀਂ ਸਿਧਾਂਤਕਰਣੀ ਵੱਲ, ਅਵਚੇਤਨ ਦੀ ਗਿਆਨ ਨਾਲ ਭਰੀ-ਪੂਰੀ ਅਮੀਰੀ ਦੇ ਆਸਰੇ, ਰਜੂਅ ਕਰਨਾ ਵਧੇਰੇ ਵਾਜਬ ਤਰੀਕਾ ਹੈ। ਤੀਖਣ ਪ੍ਰਤੱਖਣ ਵੀ ਪ੍ਰਮਾਣਕ ਗਿਆਨ ਦੇ ਰੁੱਖ ਲੈ ਜਾ ਸਕਦਾ ਹੈ। ਗੰਭੀਰ ਵਿਦਿਅਕ ਸੰਵਾਦ ਵਿਦਿਅਕ ਸਭਿਆਚਾਰ ਵਿਚੋਂ ਹੀ ਪੈਦਾ ਹੋ ਸਕਦਾ ਹੈ, ਜਿਸ ਨੂੰ ਦਮ ਤੋੜਨ ਤੋਂ ਬਚਾਉਣਾ ਚਾਹੀਦਾ ਹੈ।

ਸੰਖੇਪ ਵਿਚ ਪੰਜਾਬੀ ਕੌਮ ਅਤੇ ਉਸਦੇ ਦਰਸ਼ਨ ਦੀ ਪਛਾਣ ਲਈ ਪਹਿਲੀ ਲੋੜ ਰੁਮਾਨੀ ਅਤੇ ਉਲ੍ਹਾਰ ਬਿਰਤੀ ਦਾ ਤਿਆਗ ਕਰਕੇ ਸਮੁੱਚੇ ਪੰਜਾਬੀ ਵਰਤਾਰਿਆਂ ਦੇ ਹਰ ਪੱਖ ਅਤੇ ਭਾਗ/ਵਿਭਾਗ ਨੂੰ ਵਸਤੂਪਰਕ ਤਰੀਕੇ ਨਾਲ ਘੋਖਣ-ਪਰਖਣ ਦੀ ਹੈ। ਸਾਨੂੰ ਆਪਣੇ ਵਿਰਸੇ ਪ੍ਰਤੀ ਵੀ ਵਿਗਿਆਨਕ ਅਤੇ ਵਸਤੂਪਰਕ ਪਹੁੰਚ ਅਪਣਾਅ ਕੇ ਇਸਦੇ ਇਤਿਹਾਸਕ ਮਹੱਤਵ ਨੂੰ ਸਮਝਣਾ ਅਤੇ ਇਸਦੀ ਵਰਤਮਾਨ ਸਾਰਥਿਕਤਾ ਨੂੰ ਉਜਾਗਰ ਕਰਨਾ ਬਣਦਾ ਹੈ। ਪੱਛਮੀ ਚਿੰਤਨ ਨਾਲ ਸਾਡਾ ਰਿਸ਼ਤਾ ਬੌਧਿਕ ਗੁਲਾਮੀ ਦਾ ਨਹੀਂ, ਬਰਾਬਰੀ ਦਾ ਹੋਣਾ ਚਾਹੀਦਾ ਹੈ। ਬੌਧਿਕ ਮਾਹੌਲ ਅਤੇ ਮੁਹਾਵਰੇ ਨੂੰ ਸਿਰਜਣ ਲਈ ਅਤੇ ਬੌਧਿਕ ਵਿਕਾਸ ਲਈ "ਅਨੁਵਾਦ" ਮਹੱਤਵਪੂਰਣ ਭੂਮਿਕਾ ਅਦਾਅ ਕਰ ਸਕਦੇ ਹਨ। ਪੰਜਾਬੀ ਕੌਮ ਦਾ ਦਰਸ਼ਨ ਸੁਤੰਤਰ, ਭਾਰਤੀ ਅਤੇ ਸਾਮਰਾਜਵਾਦ ਦੇ ਪ੍ਰਸੰਗ ਵਿਚ ਵਿਚਾਰੇ ਜਾਣ ਦੀ ਮੰਗ ਕਰਦਾ ਹੈ। ਮਜ਼ਮੂਨ ਦਾ ਅੰਤ ਮੈਂ ਪ੍ਰੋਫੈਸਰ ਰਣਧੀਰ ਸਿੰਘ ਹੋਰਾਂ ਦੀ ਹੀ ਚੇਤਾਵਨੀ ਨਾਲ ਕਰਨਾ ਚਾਹੁੰਦਾ ਹੈ ਕਿ "ਅਜ ਦੇ ਸੰਸਾਰੀਕਰਨ ਦੇ ਨਤੀਜੇ ਉਸ ਸੰਸਾਰੀਕਰਨ ਤੋਂ ਵੱਖਰੇ ਨਹੀਂ ਹੋ ਸਕਦੇ, ਜਿਨ੍ਹਾਂ ਤੋਂ ਬਚਣ ਲਈ ਸਾਡੇ ਲੋਕਾਂ ਨੇ 1947 ਤੱਕ ਸਖ਼ਤ ਜੱਦੋਜਹਿਦ ਕੀਤੀ ਸੀ। ਅੱਜ ਇਹ ਸਿੱਟੇ ਸਗੋਂ ਜ਼ਿਆਦਾ ਭਿਆਨਕ ਹੋ ਸਕਦੇ ਹਨ।" ਪੰਜਾਬੀ ਕੌਮ ਨੂੰ ਇਨ੍ਹਾਂ ਨਤੀਜਿਆਂ ਨੂੰ ਸਮਝਣਾ, ਵਿਚਾਰਣਾ ਅਤੇ ਇਸ ਸੰਕਟ ਤੋਂ ਮੁਕਤੀ ਦਾ ਬੌਧਿਕ ਵਿਹਾਰੀ ਅਤੇ ਚਿਰਸਥਾਈ ਹੱਲ ਤਲਾਸ਼ ਕਰਨਾ ਚਾਹੀਦਾ ਹੈ।